ਮਿੱਠੇ ਬੱਚੇ:- ਤੁਸੀਂ ਹੀ ਸੱਚੇ ਅਲੌਕਿਕ ਜਾਦੂਗਰ ਹੋ , ਤੁਹਾਨੂੰ ਮਨੁੱਖ ਨੂੰ ਦੇਵਤਾ ਬਣਾਉਣ ਦਾ ਜਾਦੂ ਵਿਖਾਉਣਾ ਹੈ "

ਪ੍ਰਸ਼ਨ:- ਚੰਗੇ ਪੁਰਸ਼ਾਰਥੀ ਸਟੂਡੈਂਟ ਦੀ ਨਿਸ਼ਾਨੀ ਕੀ ਹੋਵੇਗੀ?

ਉੱਤਰ:- ਉਹ ਪਾਸ ਵਿੱਦ ਆਨਰ ਹੋਣ ਦਾ ਮਤਲਬ ਵਿਜੇ ਮਾਲਾ ਵਿੱਚ ਆਉਣ ਦਾ ਲਕਸ਼ ਰੱਖਣਗੇ। ਉਨ੍ਹਾਂ ਦੀ ਬੁੱਧੀ ਵਿੱਚ ਇੱਕ ਬਾਪ ਦੀ ਹੀ ਯਾਦ ਹੋਵੇਗੀ। ਦੇਹ ਸਮੇਤ ਦੇਹ ਦੇ ਸਭ ਸੰਬੰਧਾਂ ਨਾਲ ਬੁੱਧੀਯੋਗ ਤੋੜ ਇੱਕ ਨਾਲ ਪ੍ਰੀਤ ਰੱਖਣਗੇ। ਅਜਿਹੇ ਪੁਰਸ਼ਾਰਥੀ ਹੀ ਮਾਲਾ ਦਾ ਦਾਣਾ ਬਣਦੇ ਹਨ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਬੈਠ ਸਮਝਾਉਂਦੇ ਹਨ। ਹੁਣ ਤੁਸੀਂ ਰੂਹਾਨੀ ਬੱਚੇ ਜਾਦੂਗਰ - ਜਾਦੂਗਰਨੀ ਬਣ ਗਏ ਹੋ ਇਸਲਈ ਬਾਪ ਨੂੰ ਵੀ ਜਾਦੂਗਰ ਕਹਿੰਦੇ ਹਨ। ਅਜਿਹਾ ਕੋਈ ਜਾਦੂਗਰ ਨਹੀਂ ਹੋਵੇਗਾ - ਜੋ ਮਨੁੱਖ ਨੂੰ ਦੇਵਤਾ ਬਣਾ ਦੇਵੇ। ਇਹ ਜਾਦੂਗਰੀ ਹੈ ਨਾ। ਕਿੰਨੀ ਵੱਡੀ ਕਮਾਈ ਕਰਾਉਣ ਦਾ ਤੁਸੀਂ ਰਸਤਾ ਦੱਸਦੇ ਹੋ। ਸਕੂਲ ਵਿੱਚ ਟੀਚਰ ਵੀ ਕਮਾਈ ਕਰਨਾ ਸਿਖਾਉਂਦੇ ਹਨ। ਪੜ੍ਹਾਈ ਕਮਾਈ ਹੈ ਨਾ। ਭਗਤੀਮਾਰਗ ਦੀਆਂ ਕਹਾਣੀਆਂ ਸ਼ਾਸਤਰ ਆਦਿ ਸੁਣਨਾ, ਉਸਨੂੰ ਪੜ੍ਹਾਈ ਨਹੀਂ ਕਹਾਂਗੇ, ਉਸ ਵਿੱਚ ਕੋਈ ਆਮਦਨੀ ਨਹੀਂ, ਸਿਰ੍ਫ ਪੈਸਾ ਖ਼ਰਚ ਹੁੰਦਾ ਹੈ। ਬਾਪ ਵੀ ਸਮਝਾਉਂਦੇ ਹਨ - ਭਗਤੀਮਾਰਗ ਵਿੱਚ ਚਿੱਤਰ ਬਣਾਉਂਦੇ, ਮੰਦਿਰ ਆਦਿ ਬਣਾਉਂਦੇ, ਭਗਤੀ ਕਰਦੇ - ਕਰਦੇ ਤੁਸੀਂ ਕਿੰਨੇ ਪੈਸੇ ਖਰਚ ਕਰ ਲਏ ਹਨ। ਟੀਚਰ ਤਾਂ ਫਿਰ ਵੀ ਕਮਾਈ ਕਰਵਾਉਂਦੇ ਹਨ। ਅਜੀਵੀਕਾ ਹੁੰਦੀ ਹੈ। ਤੁਹਾਡੀ ਬੱਚਿਆਂ ਦੀ ਪੜ੍ਹਾਈ ਕਿੰਨੀ ਉੱਚੀ ਹੈ। ਪੜ੍ਹਨਾ ਵੀ ਸਭ ਨੂੰ ਹੈ। ਤੁਸੀਂ ਬੱਚੇ ਮਨੁੱਖ ਤੋਂ ਦੇਵਤਾ ਬਣਾਉਣ ਵਾਲੇ ਹੋ। ਉਸ ਪੜ੍ਹਾਈ ਨਾਲ ਤੇ ਬੈਰਿਸਟਰ ਆਦਿ ਬਣਨਗੇ, ਉਹ ਵੀ ਇੱਕ ਜਨਮ ਦੇ ਲਈ। ਕਿੰਨਾ ਰਾਤ - ਦਿਨ ਦਾ ਫਰਕ ਹੈ ਇਸਲਈ ਤੁਸੀਂ ਆਤਮਾਵਾਂ ਨੂੰ ਸ਼ੁੱਧ ਨਸ਼ਾ ਰਹਿਣਾ ਚਾਹੀਦਾ ਹੈ। ਇਹ ਹੈ ਗੁਪਤ ਨਸ਼ਾ। ਬੇਹੱਦ ਦੇ ਬਾਪ ਦੀ ਤਾਂ ਕਮਾਲ ਹੈ। ਕਿਵੇਂ ਦਾ ਰੂਹਾਨੀ ਜਾਦੂ ਹੈ। ਰੂਹ ਨੂੰ ਯਾਦ ਕਰਦੇ - ਕਰਦੇ ਸਤੋਪ੍ਰਧਾਨ ਬਣ ਜਾਣਾ ਹੈ। ਜਿਵੇਂ ਸੰਨਿਆਸੀ ਲੋਕੀ ਕਹਿੰਦੇ ਹਨ ਨਾ ਤੁਸੀਂ ਸਮਝੋ ਮੈਂ ਭੈਂਸ ਹਾਂ.. ਇੰਵੇਂ ਸਮਝ ਕੇ ਕੋਠੀ ਵਿੱਚ ਬੈਠ ਗਿਆ। ਬੋਲਿਆ ਮੈਂ ਭੈਂਸ ਹਾਂ, ਕੋਠੀ ਵਿਚੋਂ ਨਿਕਲਾਂ ਕਿਸ ਤਰ੍ਹਾਂ? ਹੁਣ ਬਾਪ ਕਹਿੰਦੇ ਹਨ ਤੁਸੀਂ ਪਵਿੱਤਰ ਆਤਮਾ ਸੀ, ਹੁਣ ਅਪਵਿੱਤਰ ਬਣੇ ਹੋ ਫਿਰ ਬਾਪ ਨੂੰ ਯਾਦ ਕਰਦੇ - ਕਰਦੇ ਤੁਸੀਂ ਪਵਿੱਤਰ ਬਣ ਜਾਵੋਗੇ। ਇਸ ਗਿਆਨ ਨੂੰ ਸੁਣ ਕੇ ਨਰ ਤੋਂ ਨਾਰਾਇਣ ਮਤਲਬ ਮਨੁੱਖ ਤੋਂ ਦੇਵਤਾ ਬਣ ਜਾਂਦੇ ਹੋ। ਦੇਵਤਾਵਾਂ ਦੀ ਵੀ ਸਾਵਰੰਟੀ ਹੈ ਨਾ। ਤੁਸੀਂ ਬੱਚੇ ਹੁਣ ਸ਼੍ਰੀਮਤ ਤੇ ਭਾਰਤ ਵਿੱਚ ਡੀ .ਟੀ. ਸਾਵਰੰਟੀ ਸਥਾਪਨ ਕਰ ਰਹੇ ਹੋ। ਬਾਪ ਕਹਿੰਦੇ ਹਨ ਹੁਣ ਮੈਂ ਤੁਹਾਨੂੰ ਸ਼੍ਰੀਮਤ ਦਿੰਦਾ ਹਾਂ ਇਹ ਰਾਈਟ ਹੈ ਜਾਂ ਸ਼ਾਸਤਰ ਦੀ ਮਤ ਰਾਈਟ ਹੈ? ਜੱਜ ਕਰੋ। ਗੀਤਾ ਹੈ ਸ੍ਰਵ ਸ਼ਾਸ਼ਤਰਮਈ ਸ਼੍ਰੋਮਣੀ ਸ਼੍ਰੀਮਦ ਭਾਗਵਤ ਗੀਤਾ। ਇਹ ਖਾਸ ਲਿਖਿਆ ਹੋਇਆ ਹੈ। ਹੁਣ ਭਗਵਾਨ ਕਿਸਨੂੰ ਕਿਹਾ ਜਾਵੇ? ਜਰੂਰ ਸਭ ਕਹਿਣਗੇ ਨਿਰਾਕਾਰ ਸ਼ਿਵ। ਅਸੀਂ ਆਤਮਾਵਾਂ ਉਨ੍ਹਾਂ ਦੇ ਬੱਚੇ ਬ੍ਰਦਰ ਹਾਂ। ਉਹ ਇੱਕ ਬਾਪ ਹੈ। ਬਾਪ ਕਹਿੰਦੇ ਹਨ ਮੈਂ ਤੁਹਾਡੇ ਸਭ ਦਾ ਆਸ਼ਿਕ ਹਾਂ - ਮੈਨੂੰ ਮਾਸ਼ੂਕ ਨੂੰ ਯਾਦ ਕਰਦੇ ਹੋ ਕਿਉਂਕਿ ਮੈਂ ਹੀ ਰਾਜਯੋਗ ਸਿਖਾਇਆ ਸੀ, ਜਿਸ ਨਾਲ ਤੁਸੀਂ ਪ੍ਰੈਕਟੀਕਲ ਵਿੱਚ ਨਰ ਤੋਂ ਨਰਾਇਣ ਬਣਦੇ ਹੋ। ਉਹ ਤਾਂ ਕਹਿ ਦਿੰਦੇ ਹਨ ਕਿ ਅਸੀਂ ਸਤ ਨਾਰਾਇਣ ਦੀ ਕਥਾ ਸੁਣਦੇ ਹਾਂ। ਇਹ ਕੋਈ ਸਮਝਦੇ ਥੋੜ੍ਹੀ ਹੀ ਹਨ ਕਿ ਇਸ ਨਾਲ ਅਸੀਂ ਨਰ ਤੋਂ ਨਾਰਾਇਣ ਬਣਾਂਗੇ। ਬਾਪ ਤੁਹਾਨੂੰ ਆਤਮਾਵਾਂ ਨੂੰ ਗਿਆਨ ਦਾ ਤੀਜਾ ਨੇਤ੍ਰ ਦਿੰਦੇ ਹਨ, ਜਿਸ ਨਾਲ ਆਤਮਾ ਜਾਣ ਜਾਂਦੀ ਹੈ। ਸ਼ਰੀਰ ਬਿਨਾਂ ਤੇ ਆਤਮਾ ਗੱਲ ਕਰ ਨਹੀਂ ਸਕਦੀ। ਆਤਮਾਵਾਂ ਦੇ ਰਹਿਣ ਦੀ ਜਗ੍ਹਾ ਨੂੰ ਨਿਰਵਾਣਧਾਮ ਕਿਹਾ ਜਾਂਦਾ ਹੈ। ਤੁਸੀਂ ਬੱਚਿਆਂ ਨੂੰ ਹੁਣ ਸ਼ਾਂਤੀਧਾਮ ਅਤੇ ਸੁਖਧਾਮ ਨੂੰ ਹੀ ਯਾਦ ਕਰਨਾ ਹੈ। ਇਸ ਦੁਖਧਾਮ ਨੂੰ ਬੁੱਧੀ ਤੋਂ ਭੁੱਲਣਾ ਹੈ। ਆਤਮਾ ਨੂੰ ਹੁਣ ਸਮਝ ਮਿਲੀ ਹੈ - ਰਾਂਗ ਕੀ ਹੈ, ਰਾਈਟ ਕੀ ਹੈ? ਕਰਮ, ਅਕਰਮ, ਵਿਕਰਮ ਦਾ ਵੀ ਰਾਜ਼ ਸਮਝਾਇਆ ਹੈ। ਬਾਪ ਬੱਚਿਆਂ ਨੂੰ ਹੀ ਸਮਝਾਉਂਦੇ ਹਨ ਅਤੇ ਬੱਚੇ ਹੀ ਜਾਣਦੇ ਹਨ। ਹੋਰ ਮਨੁੱਖ ਤਾਂ ਬਾਪ ਨੂੰ ਨਹੀਂ ਜਾਣਦੇ। ਬਾਪ ਕਹਿੰਦੇ ਹਨ ਇਹ ਵੀ ਡਰਾਮਾ ਬਣਿਆ ਹੋਇਆ ਹੈ। ਰਾਵਣਰਾਜ ਵਿੱਚ ਸਭ ਦੇ ਕਰਮ ਵਿਕਰਮ ਹੀ ਹੁੰਦੇ ਹਨ। ਸਤਿਯੁਗ ਵਿੱਚ ਕਰਮ ਅਕਰਮ ਹੁੰਦੇ ਹਨ। ਕੋਈ ਪੁੱਛੇ ਉੱਥੇ ਬੱਚੇ ਆਦਿ ਨਹੀਂ ਹੁੰਦੇ? ਬੋਲੋ, ਉਸਨੂੰ ਹੀ ਕਿਹਾ ਜਾਂਦਾ ਹੈ ਵਈਸਲੇਸ ਵਰਲਡ, ਤਾਂ ਉੱਥੇ ਇਹ ਵਿਕਾਰ ਕਿਥੋਂ ਆਏ। ਇਹ ਤਾਂ ਬਹੁਤ ਸਿੰਪਲ ਗੱਲ ਹੈ। ਇਹ ਬਾਪ ਬੈਠ ਸਮਝਾਉਂਦੇ ਹਨ, ਜੋ ਰਾਈਟ ਸਮਝਦੇ ਹਨ ਉਹ ਤਾਂ ਝੱਟ ਖੜ੍ਹੇ ਹੋ ਜਾਂਦੇ ਹਨ। ਕੋਈ ਨਹੀਂ ਵੀ ਸਮਝਦੇ ਹਨ, ਅੱਗੇ ਚੱਲ ਸਮਝ ਵਿੱਚ ਆ ਜਾਵੇਗਾ। ਸ਼ਮਾਂ ਤੇ ਪਤੰਗੇ ਆਉਂਦੇ ਹਨ, ਚਲੇ ਜਾਂਦੇ ਹਨ ਫਿਰ ਆਉਂਦੇ ਹਨ। ਇਹ ਵੀ ਸ਼ਮਾਂ ਹਨ, ਸਭ ਸੜ੍ਹ ਕੇ ਖਤਮ ਹੋ ਜਾਣੇ ਹਨ। ਇਹ ਵੀ ਸਮਝਾਇਆ ਜਾਂਦਾ ਹੈ - ਬਾਕੀ ਸ਼ਮਾ ਕੋਈ ਹੈ ਨਹੀਂ। ਉਹ ਤਾਂ ਕਾਮਨ ਹੈ। ਸ਼ਮਾ ਤੇ ਪਤੰਗੇ ਬਹੁਤ ਸੜਦੇ ਹਨ। ਦੀਵਾਲੀ ਤੇ ਕਿੰਨੇਂ ਛੋਟੇ - ਛੋਟੇ ਮੱਛਰ ਨਿਕਲਦੇ ਹਨ ਅਤੇ ਖ਼ਤਮ ਹੋ ਜਾਂਦੇ ਹਨ। ਜੀਨਾ ਅਤੇ ਮਰਨਾ। ਬਾਪ ਵੀ ਸਮਝਾਉਂਦੇ ਹਨ - ਪਿਛਾੜੀ ਵਿੱਚ ਆਕੇ ਜਨਮ ਲੈਂਦੇ ਅਤੇ ਮਰ ਜਾਂਦੇ। ਉਹ ਤਾਂ ਜਿਵੇਂ ਮੱਛਰਾਂ ਤਰ੍ਹਾਂ ਹੋ ਗਏ। ਬਾਪ ਵਰਸਾ ਦੇਣ ਆਏ ਹਨ ਤਾਂ ਪੁਰਸ਼ਾਰਥ ਕਰ ਪਾਸ ਵਿੱਦ ਆਨਰ ਹੋਣਾ ਚਾਹੀਦਾ ਹੈ। ਚੰਗੇ ਸਟੂਡੈਂਟ ਬਹੁਤ ਪੁਰਸ਼ਾਰਥ ਕਰਦੇ ਹਨ। ਇਹ ਮਾਲਾ ਵੀ ਪਾਸ ਵਿੱਧ ਆਨਰ ਦੀ ਹੀ ਹੈ। ਜਿੰਨਾਂ ਹੋ ਸਕੇ ਪੁਰਸ਼ਾਰਥ ਕਰਦੇ ਰਹੋ। ਵਿਨਾਸ਼ਕਾਲੇ ਵਪ੍ਰੀਤ ਬੁੱਧੀ ਕਹਿੰਦੇ ਹਨ। ਇਸ ਤੇ ਤੁਸੀਂ ਵੀ ਸਮਝਾ ਸਕਦੇ ਹੋ। ਸਾਡੀ ਬਾਪ ਦੇ ਨਾਲ ਪ੍ਰੀਤ ਬੁੱਧੀ ਹੈ। ਇੱਕ ਬਾਪ ਤੋਂ ਇਲਾਵਾ ਅਸੀਂ ਹੋਰ ਕਿਸੇ ਨੂੰ ਯਾਦ ਨਹੀਂ ਕਰਦੇ। ਬਾਪ ਕਹਿੰਦੇ ਹਨ ਦੇਹ ਸਹਿਤ ਦੇਹ ਦੇ ਸਾਰੇ ਸੰਬੰਧ ਛੱਡ ਮਾਮੇਕਮ ਯਾਦ ਕਰੋ। ਭਗਤੀਮਾਰਗ ਵਿੱਚ ਬਹੁਤ ਯਾਦ ਕਰਦੇ ਆਏ ਹੋ - ਹੇ ਦੁਖ ਹਰਤਾ, ਸੁਖ ਕਰਤਾ... ਤਾਂ ਜ਼ਰੂਰ ਬਾਪ ਸੁਖ

ਦੇਣ ਵਾਲਾ ਹੈ ਨਾ। ਸਵਰਗ ਨੂੰ ਕਿਹਾ ਜਾਂਦਾ ਹੈ ਸੁਖਧਾਮ। ਬਾਪ ਸਮਝਾਉਂਦੇ ਹਨ ਮੈਂ ਆਇਆ ਹੀ ਹਾਂ ਪਾਵਨ ਬਣਾਉਣ। ਬੱਚੇ ਜੋ ਕਾਮ ਚਿਤਾ ਤੇ ਬੈਠੇ ਭਸਮ ਹੋ ਗਏ ਹਨ ਉਨ੍ਹਾਂ ਤੇ ਗਿਆਨ ਦੀ ਬਾਰਿਸ਼ ਕਰਦਾ ਹਾਂ। ਤੁਹਾਨੂੰ ਬੱਚਿਆਂ ਨੂੰ ਯੋਗ ਸਿਖਾਉਂਦਾ ਹਾਂ। ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ ਅਤੇ ਤੁਸੀਂ ਪਰੀਸਥਾਨ ਦੇ ਮਾਲਿਕ ਬਣ ਜਾਵੋਂਗੇ। ਤੁਸੀਂ ਵੀ ਜਾਦੂਗਰ ਠਹਿਰੇ। ਬੱਚਿਆਂ ਨੂੰ ਨਸ਼ਾ ਰਹਿਣਾ ਚਾਹੀਦਾ ਹੈ - ਸਾਡੀ ਇਹ ਸੱਚੀ - ਸੱਚੀ ਜਾਦੂਗਰੀ ਹੈ। ਕੋਈ - ਕੋਈ ਬਹੁਤ ਵਧੀਆ ਹੁਸ਼ਿਆਰ ਜਾਦੂਗਰ ਹੁੰਦੇ ਹਨ। ਕੀ - ਕੀ ਚੀਜਾਂ ਕੱਢਦੇ ਹਨ। ਇਹ ਜਾਦੂਗਰੀ ਫਿਰ ਅਲੌਕਿਕ ਹੈ ਮਤਲਬ ਇੱਕ ਬਾਪ ਦੇ ਸਿਵਾਏ ਕੋਈ ਸਿਖਾ ਨਹੀਂ ਸਕਦਾ। ਤੁਸੀਂ ਜਾਣਦੇ ਹੋ ਅਸੀਂ ਮਨੁੱਖ ਤੋਂ ਦੇਵਤਾ ਬਣ ਰਹੇ ਹਾਂ। ਇਹ ਸਿੱਖਿਆ ਹੈ ਹੀ ਨਵੀਂ ਦੁਨੀਆਂ ਦੇ ਲਈ। ਉਸਨੂੰ ਸਤਿਯੁਗ ਨਿਊ ਵਰਲਡ ਕਿਹਾ ਜਾਂਦਾ ਹੈ। ਹੁਣ ਤੁਸੀਂ ਸੰਗਮਯੁਗ ਤੇ ਹੋ। ਇਸ ਪੁਰਸ਼ੋਤਮ ਸੰਗਮਯੁਗ ਦਾ ਕਿਸੇ ਨੂੰ ਪਤਾ ਨਹੀਂ ਹੈ। ਤੁਸੀਂ ਕਿੰਨੇ ਉੱਤਮ ਪੁਰਸ਼ ਬਣਦੇ ਹੋ। ਬਾਪ ਆਤਮਾਵਾਂ ਨੂੰ ਹੀ ਸਮਝਾਉਂਦੇ ਹਨ। ਕਲਾਸ ਵਿੱਚ ਵੀ ਤੁਸੀਂ ਬ੍ਰਾਹਮਣੀਆਂ ਜਦੋਂ ਬੈਠਦੀਆਂ ਹੋ ਤਾਂ ਤੁਹਾਡਾ ਕੰਮ ਹੈ ਪਹਿਲੋਂ - ਪਹਿਲੋਂ ਸਾਵਧਾਨ ਕਰਨਾ। ਭਾਈ - ਭੈਣੋ ਆਪਣੇ ਨੂੰ ਆਤਮਾ ਸਮਝ ਕੇ ਬੈਠੋ। ਅਸੀਂ ਆਤਮਾ ਇਨਾਂ ਆਰਗੰਜ਼ ਦਵਾਰਾ ਸੁਣਦੀਆਂ ਹਾਂ। 84 ਜਨਮਾਂ ਦਾ ਰਾਜ਼ ਵੀ ਬਾਪ ਨੇ ਸਮਝਾਇਆ ਹੈ। ਕਿਹੜੇ ਮਨੁੱਖ 84 ਜਨਮ ਲੈਂਦੇ ਹਨ? ਸਭ ਤਾਂ ਨਹੀਂ ਲੈਣਗੇ। ਇਸ ਤੇ ਵੀ ਕਿਸੇ ਦਾ ਖਿਆਲ ਨਹੀਂ ਚਲਦਾ ਹੈ। ਜੋ ਸੁਣਿਆ ਉਸਨੂੰ ਕਹਿ ਦਿੰਦੇ ਹਨ ਸਤ। ਹਨੂਮਾਨ ਪਵਨ ਤੋਂ ਨਿਕਲਿਆ - ਸਤ। ਫਿਰ ਦੂਸਰਿਆਂ ਨੂੰ ਅਜਿਹੀਆਂ ਗੱਲਾਂ ਸੁਣਾਉਂਦੇ ਰਹਿੰਦੇ ਹਨ ਅਤੇ ਸਤ - ਸਤ ਕਰਦੇ ਰਹਿੰਦੇ ਹਨ।

ਹੁਣ ਤੁਹਾਨੂੰ ਰਾਈਟ ਅਤੇ ਰਾਂਗ ਨੂੰ ਸਮਝਣ ਦੀ ਗਿਆਨ ਚਕਸ਼ੂ ਮਿਲੀ ਹੈ ਤਾਂ ਰਾਈਟ ਕਰਮ ਹੀ ਕਰਨਾ ਹੈ। ਤੁਸੀਂ ਸਮਝਦੇ ਵੀ ਹੋ ਅਸੀਂ ਬੇਹੱਦ ਦੇ ਬਾਪ ਤੋਂ ਇਹ ਵਰਸਾ ਲੈ ਰਹੇ ਹਾਂ। ਤੁਸੀਂ ਸਭ ਪੁਰਸ਼ਾਰਥ ਕਰੋ। ਉਹ ਬਾਪ ਸਾਰੀਆਂ ਆਤਮਾਵਾਂ ਦਾ ਪਿਤਾ ਹੈ। ਤੁਸੀਂ ਆਤਮਾਵਾਂ ਨੂੰ ਬਾਪ ਕਹਿੰਦੇ ਹਨ ਹੁਣ ਮੈਨੂੰ ਯਾਦ ਕਰੋ। ਆਪਣੇ ਨੂੰ ਆਤਮਾ ਸਮਝੋ। ਆਤਮਾ ਵਿੱਚ ਹੀ ਸੰਸਕਾਰ ਹਨ। ਸੰਸਕਾਰ ਲੈ ਜਾਂਦੇ, ਕਿਸੇ ਦਾ ਨਾਮ ਛੋਟੇਪਨ ਵਿੱਚ ਬਹੁਤ ਹੋ ਜਾਂਦਾ ਹੈ ਇਸਨੇ ਪਿੱਛਲੇ ਜਨਮ ਵਿੱਚ ਕੋਈ ਅਜਿਹੇ ਕਰਮ ਕੀਤੇ ਹਨ, ਕਿਸੇ ਨੇ ਕਾਲੇਜ ਆਦਿ ਬਣਵਾਏ ਹਨ ਤਾਂ ਦੂਸਰੇ ਜਨਮ ਵਿੱਚ ਚੰਗਾ ਪੜ੍ਹਦੇ ਹਨ। ਕਰਮਾਂ ਦਾ ਹਿਸਾਬ - ਕਿਤਾਬ ਹੈ ਨਾ। ਸਤਿਯੁਗ ਵਿੱਚ ਵਿਕਰਮ ਦੀ ਗੱਲ ਹੀ ਨਹੀਂ ਹੋਵੇਗੀ। ਕਰਮ ਤਾਂ ਜਰੂਰ ਕਰਨਗੇ। ਰਾਜ ਕਰਣਗੇ, ਖਾਣਗੇ ਪਰ ਉਲਟਾ ਕੰਮ ਨਹੀਂ ਕਰਣਗੇ। ਉਸਨੂੰ ਹੀ ਕਿਹਾ ਜਾਂਦਾ ਹੈ ਰਾਮਰਾਜ। ਇੱਥੇ ਹੈ ਰਾਵਨਰਾਜ। ਹੁਣ ਤੁਸੀਂ ਸ਼੍ਰੀਮਤ ਤੇ ਰਾਮਰਾਜ ਸਥਾਪਨ ਕਰ ਰਹੇ ਹੋ। ਉਹ ਹੈ ਨਵੀਂ ਦੁਨੀਆਂ। ਪੁਰਾਣੀ ਦੁਨੀਆਂ ਤੇ ਦੇਵਤਾਵਾਂ ਦੀ ਪ੍ਰਛਾਈ ਨਹੀਂ ਪੈਂਦੀ ਹੈ। ਲਕਸ਼ਮੀ ਦਾ ਜੜ੍ਹ ਚਿੱਤਰ ਚੁੱਕ ਕੇ ਰੱਖੋ ਤਾਂ ਪਰਛਾਈ ਪਵੇਗੀ, ਚੇਤੰਨ ਦੀ ਨਹੀਂ ਪੈ ਸਕਦੀ। ਤੁਸੀਂ ਬੱਚੇ ਜਾਣਦੇ ਹੋ ਸਭਨੂੰ ਪੁਨਰਜਨਮ ਲੈਣਾ ਹੀ ਪਵੇ। ਨਾਰ ਦੀ ਕੰਗਣੀ ( ਖੂਹ ਵਿਚੋਂ ਪਾਣੀ ਕੱਢਣ ਦੀ ਇੱਕ ਵਿੱਧੀ) ਹੁੰਦੀ ਹੈ ਨਾ, ਫਿਰਦੀ ਰਹਿੰਦੀ ਹੈ। ਇਹ ਵੀ ਤੁਹਾਡਾ ਚੱਕਰ ਫਿਰਦਾ ਰਹਿੰਦਾ ਹੈ। ਇਸ ਤੇ ਹੀ ਦ੍ਰਿਸ਼ਟਾਂਤ ਸਮਝਾਏ ਜਾਂਦੇ ਹਨ। ਪਵਿਤ੍ਰਤਾ ਤਾਂ ਸਭ ਤੋਂ ਚੰਗੀ ਹੈ। ਕੁਮਾਰੀ ਪਵਿੱਤਰ ਹੈ ਇਸਲਈ ਤਾਂ ਸਭ ਉਸਦੇ ਪੈਰ ਪੈਂਦੇ ਹਨ। ਤੁਸੀਂ ਹੋ ਪ੍ਰਜਾਪਿਤਾ ਬ੍ਰਹਮਾਕੁਮਾਰ - ਕੁਮਾਰੀਆਂ। ਮੈਜੋਰਿਟੀ ਕੁਮਾਰੀਆਂ ਦੀ ਹੈ ਇਸਲਈ ਗਾਇਣ ਹੈ ਕੁਮਾਰੀ ਦਵਾਰਾ ਬਾਣ ਮਰਵਾਏ। ਇਹ ਹਨ ਗਿਆਨ ਬਾਣ। ਤੁਸੀਂ ਪਿਆਰ ਨਾਲ ਬੈਠ ਸਮਝਾਉਂਦੇ ਹੋ - ਬਾਪ ਸਤਗੁਰੂ ਤਾਂ ਇੱਕ ਹੀ ਹੈ। ਉਹ ਸਭ ਦਾ ਸਦਗਤੀ ਦਾਤਾ ਹੈ। ਭਗਵਾਨੁਵਾਚ- ਮਨਮਨਾਭਵ। ਇਹ ਵੀ ਮੰਤਰ ਹੈ ਨਾ, ਇਸ ਵਿੱਚ ਹੀ ਮਿਹਨਤ ਹੈ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਇਹ ਹੈ ਗੁਪਤ ਮਿਹਨਤ ਆਤਮਾ ਹੀ ਤਮੋਪ੍ਰਧਾਨ ਬਣੀ ਹੈ ਫਿਰ ਸਤੋਪ੍ਰਧਾਨ ਬਣਨਾ ਹੈ। ਬਾਪ ਨੇ ਸਮਝਾਇਆ ਹੈ - ਆਤਮਾਵਾਂ ਅਤੇ ਪ੍ਰਮਾਤਮਾ ਵੱਖ ਰਹੇ ਬਹੁਕਾਲ... ਜੋ ਪਹਿਲਾਂ - ਪਹਿਲਾਂ ਬਿਛੜੇ ਹਨ, ਮਿਲਣਗੇ ਵੀ ਪਹਿਲਾਂ ਉਨ੍ਹਾਂਨੂੰ। ਇਸਲਈ ਬਾਪ ਕਹਿੰਦੇ ਹਨ ਲਾਡਲੇ ਸਿਕਿਲੱਧੇ ਬੱਚਿਓ। ਬਾਪ ਜਾਣਦੇ ਹਨ ਕਦੋਂ ਤੋਂ ਭਗਤੀ ਸ਼ੁਰੂ ਕੀਤੀ ਹੈ। ਅੱਧਾ - ਅੱਧਾ ਹੈ। ਅਧਾਕਲਪ ਗਿਆਨ, ਅਧਾਕਲਪ ਭਗਤੀ। ਦਿਨ ਅਤੇ ਰਾਤ 24 ਘੰਟੇ ਵਿੱਚ ਵੀ 12 ਘੰਟੇ ਏ. ਐਮ. ਅਤੇ 12 ਘੰਟੇ ਪੀ. ਐਮ ਹੁੰਦਾ ਹੈ। ਕਲਪ ਵੀ ਅੱਧਾ - ਅੱਧਾ ਹੈ। ਬ੍ਰਹਮਾ ਦਾ ਦਿਨ, ਬ੍ਰਹਮਾ ਦੀ ਰਾਤ ਫਿਰ ਕਲਯੁਗ ਦੀ ਉੱਮਰ ਇਤਨੀ ਲੰਬੀ ਕਿਉਂ ਦੇ ਦਿੰਦੇ ਹਨ? ਹੁਣ ਤੁਸੀਂ ਰਾਈਟ ਰਾਂਗ ਦੱਸ ਸਕਦੇ ਹੋ। ਸ਼ਾਸਤਰ ਸਭ ਹਨ ਭਗਤੀਮਾਰਗ ਦੇ। ਫਿਰ ਭਗਵਾਨ ਆਕੇ ਭਗਤੀ ਦਾ ਫ਼ਲ ਦਿੰਦੇ ਹਨ। ਭਗਤਾਂ ਦਾ ਰਖਵਾਲਾ ਕਿਹਾ ਜਾਂਦਾ ਹੈ ਨਾ। ਅੱਗੇ ਚੱਲ ਤੁਸੀਂ ਸੰਨਿਆਸੀਆਂ ਆਦਿ ਨੂੰ ਬਹੁਤ ਪਿਆਰ ਨਾਲ ਬੈਠ ਸਮਝਾਵੋਗੇ। ਤੁਹਾਡਾ ਫਾਰਮ ਤਾਂ ਉਹ ਭਰਣਗੇ ਨਹੀਂ। ਮਾਂ - ਬਾਪ ਦਾ ਨਾਮ ਲਿਖਣਗੇ ਨਹੀਂ। ਕੋਈ - ਕੋਈ ਦੱਸਦੇ ਹਨ। ਬਾਬਾ ਜਾਕੇ ਪੁੱਛਦੇ ਸਨ - ਕਿਓਂ ਸੰਨਿਆਸ ਕੀਤਾ, ਕਾਰਨ ਦੱਸੋ? ਵਿਕਾਰਾਂ ਦਾ ਸੰਨਿਆਸ ਕਰਦੇ ਹੋ, ਤਾਂ ਘਰ ਦਾ ਵੀ ਸੰਨਿਆਸ ਕਰਦੇ ਹਨ। ਹੁਣ ਤੁਸੀਂ ਸਾਰੀ ਪੁਰਾਣੀ ਦੁਨੀਆਂ ਦਾ ਸੰਨਿਆਸ ਕਰਦੇ ਹੋ। ਨਵੀਂ ਦੁਨੀਆਂ ਦਾ ਤੁਹਾਨੂੰ ਸਾਖਸ਼ਤਕਾਰ ਕਰਵਾ ਦਿੱਤਾ ਹੈ। ਉਹ ਹੈ ਵਈਸਲੇਸ ਵਰਲਡ। ਹੈਵਨਲੀ ਗਾਡ ਫਾਦਰ ਹੈ ਹੇਵਿਨ ਸਥਾਪਨ ਕਰਨ ਵਾਲਾ। ਫੁਲਾਂ ਦਾ ਬਗੀਚਾ ਬਣਾਉਣ ਵਾਲਾ। ਕੰਡਿਆਂ ਨੂੰ ਫੁਲ ਬਣਾਉਂਦੇ ਹਨ। ਨੰਬਰਵਨ ਕੰਡਾ ਹੈ - ਕਾਮ ਕਟਾਰੀ। ਕਾਮ ਦੇ ਲਈ ਕਟਾਰੀ ਕਹਿੰਦੇ ਹਨ, ਕ੍ਰੋਧ ਨੂੰ ਭੂਤ ਕਹਿਣਗੇ। ਦੇਵੀ - ਦੇਵਤੇ ਡਬਲ ਅਹਿੰਸਕ ਸਨ। ਨਿਰਵਿਕਾਰੀ ਦੇਵਤਾਵਾਂ ਦੇ ਅੱਗੇ ਵਿਕਾਰੀ ਮਨੁੱਖ ਸਭ ਮੱਥਾ ਟੇਕਦੇ ਹਨ। ਹੁਣ ਤੁਸੀਂ ਬੱਚੇ ਜਾਣਦੇ ਹੋ - ਅਸੀਂ ਇੱਥੇ ਆਏ ਹਾਂ ਪੜ੍ਹਨ ਦੇ ਲਈ। ਬਾਕੀ ਉਨਾਂ ਸਤਸੰਗਾਂ ਆਦਿ ਵਿੱਚ ਜਾਣਾ ਉਹ ਤਾਂ ਕਾਮਨ ਗੱਲ ਹੈ। ਈਸ਼ਵਰ ਸਰਵਵਿਆਪੀ ਕਹਿ ਦਿੰਦੇ ਹਨ। ਬਾਪ ਕਦੇ ਸਰਵਵਿਆਪੀ ਹੁੰਦਾ ਹੈ ਕੀ? ਬਾਪ ਤੋਂ ਤੁਹਾਨੂੰ ਬੱਚਿਆਂ ਨੂੰ ਵਰਸਾ ਮਿਲਦਾ ਹੈ। ਬਾਪ ਆਕੇ ਪੁਰਾਣੀ ਦੁਨੀਆਂ ਨੂੰ ਨਵੀਂ ਦੁਨੀਆਂ ਸਵਰਗ ਬਣਾਉਂਦੇ ਹਨ। ਕਈ ਤਾਂ ਨਰਕ ਨੂੰ ਨਰਕ ਵੀ ਨਹੀਂ ਮੰਨਦੇ ਹਨ। ਸਾਹੂਕਾਰ ਲੋਕੀ ਸਮਝਦੇ ਹਨ ਫਿਰ ਸਵਰਗ ਵਿੱਚ ਕੀ ਰੱਖਿਆ ਹੈ। ਸਾਡੇ ਕੋਲ ਧਨ ਮਹਿਲ ਵਿਮਾਨ ਆਦਿ ਸਭ ਕੁਝ ਹੈ, ਸਾਡੇ ਲਈ ਇਹ ਹੀ ਸਵਰਗ ਹੈ। ਨਰਕ ਉਨ੍ਹਾਂ ਦੇ ਲਈ ਹੈ ਜੋ ਕਿਚੜ੍ਹੇ ਵਿੱਚ ਰਹਿੰਦੇ ਹਨ ਇਸਲਈ ਭਾਰਤ ਕਿੰਨਾਂ ਗਰੀਬ ਕੰਗਾਲ ਸੀ ਫਿਰ ਹਿਸਟ੍ਰੀ ਰਪੀਟ ਹੋਣੀ ਹੈ। ਤੁਹਾਨੂੰ ਨਸ਼ਾ ਰਹਿਣਾ ਚਾਹੀਦਾ ਹੈ - ਬਾਪ ਸਾਨੂੰ ਫਿਰ ਤੋਂ ਡਬਲ ਸਿਰਤਾਜ ਬਣਾਉਂਦੇ ਹਨ।

ਪਾਸਟ - ਪ੍ਰੇਜੇਂਟ - ਫਿਊਚਰ ਨੂੰ ਜਾਣ ਗਏ ਹੋ। ਸਤਿਯੁਗ - ਤ੍ਰੇਤਾ ਦੀ ਕਹਾਣੀ ਬਾਬਾ ਨੇ ਦੱਸੀ ਹੈ ਫਿਰ ਵਿਚਕਾਰ ਅਸੀਂ ਥੱਲੇ ਡਿੱਗਦੇ ਹਾਂ। ਵਾਮ ਮਾਰਗ ਹੈ ਵਿਕਾਰੀ ਮਾਰਗ। ਹੁਣ ਫਿਰ ਬਾਪ ਆਇਆ ਹੈ। ਤੁਸੀ ਆਪਣੇ ਨੂੰ ਸਵਦਰਸ਼ਨ ਚਕ੍ਰਧਾਰੀ ਸਮਝਦੇ ਹੋ। ਇਵੇਂ ਨਹੀਂ ਕਿ ਚਕ੍ਰ ਫਿਰਾਉਂਦੇ ਹੋ, ਜਿਸ ਨਾਲ ਗਲਾ ਕੱਟ ਜਾਵੇ। ਕ੍ਰਿਸ਼ਨ ਨੂੰ ਚਕ੍ਰ ਵਿਖਾਉਂਦੇ ਹਨ ਕਿ ਦੈਤਾਂ ਨੂੰ ਮਾਰਦੇ ਰਹਿੰਦੇ ਹਨ, ਅਜਿਹੀ ਗੱਲ ਨਾ ਹੋ ਸਕੇ। ਤੁਸੀਂ ਸਮਝਦੇ ਹੋ ਅਸੀਂ ਬ੍ਰਾਹਮਣ ਹਾਂ ਸਵਦਰਸ਼ਨ ਚਕ੍ਰਧਾਰੀ। ਸਾਨੂੰ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦੀ ਨਾਲੇਜ ਹੈ। ਉੱਥੇ ਦੇਵਤਾਵਾਂ ਨੂੰ ਤੇ ਇਹ ਗਿਆਨ ਨਹੀਂ ਰਹੇਗਾ। ਉੱਥੇ ਹੈ ਹੀ ਸਦਗਤੀ ਇਸਲਈ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਦਿਨ। ਰਾਤ੍ਰੀ ਵਿੱਚ ਹੀ ਤਕਲੀਫ ਹੁੰਦੀ ਹੈ। ਭਗਤੀ ਵਿੱਚ ਕਿੰਨੇ ਹਠਯੋਗ ਆਦਿ ਕਰਦੇ ਹਨ - ਦਰਸ਼ਨ ਦੇ ਲਈ। ਨੌਉਧਾ ਭਗਤੀ ਵਾਲੇ ਪ੍ਰਾਣ ਦੇਣ ਨੂੰ ਤਿਆਰ ਹੋ ਜਾਂਦੇ ਹਨ ਤਾਂ ਸਾਖਸ਼ਤਕਾਰ ਹੁੰਦਾ ਹੈ। ਅਲਪਕਾਲ ਦੇ ਲਈ ਇੱਛਾ ਪੂਰੀ ਹੁੰਦੀ ਹੈ - ਡਰਾਮੇ ਅਨੁਸਾਰ। ਬਾਕੀ ਈਸ਼ਵਰ ਕੁਝ ਨਹੀਂ ਕਰਦਾ ਹੈ। ਅਧਾਕਲਪ ਭਗਤੀ ਦਾ ਪਾਰ੍ਹ ਚਲਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਸੇ ਰੂਹਾਨੀ ਨਸ਼ੇ ਵਿੱਚ ਰਹਿਣਾ ਹੈ ਕਿ ਬਾਬਾ ਸਾਨੂੰ ਡਬਲ ਸਿਰਤਾਜ ਬਣਾ ਰਹੇ ਹਨ। ਅਸੀਂ ਹਾਂ ਸਵਦਰਸ਼ਨ ਚੱਕਰਧਾਰੀ ਬ੍ਰਾਹਮਣ। ਪਾਸਟ, ਪ੍ਰੇਜੇਂਟ, ਫਿਊਚਰ ਦਾ ਗਿਆਨ ਬੁੱਧੀ ਵਿੱਚ ਰੱਖਕੇ ਚਲਣਾ ਹੈ।

2. ਪਾਸ ਵਿੱਦ ਆਨਰ ਹੋਣ ਦੇ ਲਈ ਬਾਪ ਨਾਲ ਸੱਚੀ - ਸੱਚੀ ਪ੍ਰੀਤ ਰੱਖਣੀ ਹੈ। ਬਾਪ ਨੂੰ ਯਾਦ ਕਰਨ ਦੀ ਗੁਪਤ ਮਿਹਨਤ ਕਰਨੀ ਹੈ।

ਵਰਦਾਨ:- ਆਪਣੇ ਡਬਲ ਲਾਈਟ ਸਵਰੂਪ ਦ੍ਵਾਰਾ ਆਉਣ ਵਾਲੇ ਵਿਘਨਾਂ ਨੂੰ ਪਾਰ ਕਰਨ ਵਾਲੇ ਤੀਵ੍ਰ ਪੁਰਸ਼ਾਰਥੀ ਭਵ।

ਆਉਣ ਵਾਲੇ ਵਿਘਨਾਂ ਵਿਚ ਥੱਕਣ ਜਾਂ ਦਿਲਸ਼ਿਕਸਤ ਹੋਣ ਬਜਾਏ ਸੈਕਿੰਡ ਵਿਚ ਖੁਦ ਦੇ ਆਤਮਿਕ ਜੋਤੀ ਸਵਰੂਪ ਅਤੇ ਨਿਮਿਤ ਭਾਵ ਦੇ ਡਬਲ ਲਾਈਟ ਸਵਰੂਪ ਦ੍ਵਾਰਾ ਸੈਕਿੰਡ ਵਿਚ ਹਾਈ ਜੰਮ ਦਵੋ। ਵਿਘਣ ਰੂਪੀ ਪੱਥਰ ਨੂੰ ਤੋੜਨ ਵਿਚ ਸਮੇਂ ਨਹੀਂ ਗਵਾਓ। ਜੰਪ ਲਗਾਓ ਅਤੇ ਸੈਕਿੰਡ ਵਿਚ ਪਾਰ ਹੋ ਜਾਵੋ। ਥੋੜੀ ਜਿਹੀ ਵਿਸਮ੍ਰਿਤੀ ਦੇ ਕਾਰਣ ਸਹਿਜ ਮਾਰਗ ਨੂੰ ਮੁਸ਼ਕਿਲ ਨਹੀਂ ਬਣਾਓ। ਆਪਣੇ ਜੀਵਨ ਦੀ ਭਵਿੱਖ ਸ੍ਰੇਸ਼ਠ ਮੰਜਿਲ ਨੂੰ ਸਪੱਸ਼ਟ ਵੇਖਦੇ ਹੋਏ ਤੀਵ੍ਰ ਪੁਰਸ਼ਾਰਥੀ ਬਣੋ। ਜਿਸ ਨਜਰ ਨਾਲ ਬਾਪਦਾਦਾ ਅਤੇ ਵਿਸ਼ਵ ਤੁਹਾਨੂੰ ਦੇਖ ਰਹੀ ਹੈ ਉਸ ਸ੍ਰੇਸ਼ਠ ਸਵਰੂਪ ਵਿਚ ਸਦਾ ਸਥਿਤ ਰਹੋ।

ਸਲੋਗਨ:- ਸਦਾ ਖੁਸ਼ ਰਹਿਣਾ ਅਤੇ ਖੁਸ਼ੀ ਵੰਡਣਾ - ਇਹ ਹੀ ਸਭ ਤੋਂ ਵੱਡੀ ਸ਼ਾਨ ਹੈ।

******

ਅਵਿਅਕਤ ਇਸ਼ਾਰੇ :- ਅਸ਼ਰੀਰੀ ਅਤੇ ਵਿਦੇਹੀ ਸਥਿਤੀ ਦਾ ਅਭਿਆਸ ਵਧਾਓ।

ਹੁਣ ਸੰਗਠਿਤ ਰੂਪ ਵਿਚ ਇੱਕ ਹੀ ਸੰਕਲਪ ਮਤਲਬ ਇਕਰਸ ਸਥਿਤੀ ਬਨਾਉਣ ਦਾ ਅਭਿਆਸ ਕਰੋ ਤਾਂ ਹੀ ਵਿਸ਼ਵ ਦੇ ਅੰਦਰ ਸ਼ਕਤੀ ਸੈਨਾ ਦਾ ਨਾਮ ਬਾਲਾ ਹੋਵੇਗਾ। ਜਦੋਂ ਚਾਹੋ ਸ਼ਰੀਰ ਦਾ ਆਧਾਰ ਲਵੋ ਅਤੇ ਜਦੋਂ ਚਾਹੋ ਸ਼ਰੀਰ ਦਾ ਆਧਾਰ ਛੱਡਕੇ ਆਪਣੇ ਅਸ਼ਰੀਰੀ ਸਵਰੂਪ ਵਿਚ ਸਥਿਤ ਹੋ ਜਾਵੋ। ਜਿਵੇਂ ਸ਼ਰੀਰ ਧਾਰਨ ਕੀਤਾ ਉਵੇਂ ਹੀ ਸ਼ਰੀਰ ਤੋਂ ਨਿਆਰੇ ਹੋ ਜਾਵੋ, ਇਹ ਹੀ ਅਨੁਭਵ ਅੰਤਿਮ ਪੇਪਰ ਵਿਚ ਫਸਟ ਨੰਬਰ ਲਿਆਉਣ ਦਾ ਆਧਾਰ ਹੈ।